ਮਾਰਚ ਪ੍ਰੀਖਿਆ 2025 – ਸ਼੍ਰੇਣੀ ਨੌਵੀਂ
ਮਾਡਲ ਪ੍ਰਸ਼ਨ ਪੱਤਰ - ਸਮਾਜਿਕ ਵਿਗਿਆਨ

ਸਮਾਂ : 3 ਘੰਟੇ ਕੁਲ ਅੰਕ : 80

ਭਾਗ - ੳ

12 x1 = 12

ਪ੍ਰਸ਼ਨ 1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰਾਂ ਦੀ ਚੋਣ ਕਰੋ :-

1. ਖੇਤਰਫਲ ਦੀ ਦ੍ਰਿਸ਼ਟੀ ਪੱਖੋਂ ਭਾਰਤ ਤੋਂ ਬਾਅਦ ਸਭ ਤੋਂ ਵੱਡਾ ਦੇਸ਼ ਕਿਹੜਾ ਹੈ? 1
   ੳ) ਰੂਸ ਅ) ਅਰਜਨਟੀਨਾ
   ੲ) ਅਲਜੀਰੀਆ ਸ) ਕਜ਼ਾਕਸਤਾਨ
2. ਭਾਰਤ ਦਾ ਕਿਹੜਾ ਲੰਬਕਾਰੀ (ਦੇਸ਼ਾਂਤਰੀ) ਪਸਾਰ ਸਹੀ ਹੈ? 1
   ੳ) 8^0 4’ ਮਿੰਟ ਉ ਤੋਂ 37^0 6’ ਉ ਤੱਕ ਅ) 8^0 4’ ਮਿੰਟ ਦੱ ਤੋਂ 37^0 6’ ਦੱ ਤੱਕ
   ੲ) 68^0 7’ ਮਿੰਟ ਪੂ ਤੋਂ 97^0 25’ ਪੂ ਤੱਕ ਸ) 68^0 7’ ਮਿੰਟ ਉ ਤੋਂ 97^0 25’ ਉ ਤੱਕ
3. ਉਤਪਾਦਨ ਦਾ ਕਿਹੜਾ ਕਾਰਕ ਅਚਲ ਹੈ? 1
   ੳ) ਪੂੰਜੀ ਅ) ਭੂਮੀ ੲ) ਉਦੱਮੀ ਸ) ਕਿਰਤ
4. ਹੇਠ ਲਿਖਿਆਂ ਵਿੱਚੋਂ ਆਰਥਿਕ ਕਿਰਿਆ (economic activity) ਕਿਹੜੀ ਹੈ? 1
   ੳ) ਦੇਸ਼ ਭਗਤੀ ਅ) ਦੁਕਾਨਦਾਰੀ ੲ) ਸਮਾਜ ਸੇਵਾ ਸ) ਪੜ੍ਹਨਾ
5. ਵਸਤੂ ਦੇ ਉਤਪਾਦਨ ਤੋਂ ਲੈ ਕੇ ਵਿਕਰੀ ਕਰਨ ਤੱਕ ਮੁਦਰਾ ਦੇ ਰੂਪ ਵਿੱਚ ਖਰਚ ਕੀਤੀ ਰਾਸ਼ੀ ਨੂੰ ਕੀ ਕਿਹਾ ਜਾਂਦਾ ਹੈ?1
   ੳ) ਆਮਦਨ ਅ) ਲਾਗਤ
   ੲ) ਬੱਚਤ ਸ) ਉਪਭੋਗ
6. ਖੇਤੀਬਾੜੀ ਅਰਥਵਿਵਸਥਾ ਕਿਸ ਖੇਤਰ ਦੀ ਉਦਾਹਰਣ ਹੈ? 1
   ੳ) ਮੁੱਢਲਾ ਅ) ਸੇਵਾਵਾਂ
   ੲ) ਗੌਣ ਸ) ਕੋਈ ਨਹੀਂ
7. ਭਾਈ ਲਹਿਣਾ ਕਿਸ ਗੁਰੂ ਦਾ ਪਹਿਲਾ ਨਾਂ ਸੀ? 1
   ੳ) ਗੁਰੂ ਨਾਨਕ ਦੇਵ ਜੀ ਅ) ਗੁਰੂ ਅੰਗਦ ਦੇਵ ਜੀ
   ੲ) ਗੁਰੂ ਅਮਰਦਾਸ ਜੀ ਸ) ਗੁਰੂ ਰਾਮ ਦਾਸ ਜੀ
8. ਸਤਲੁਜ ਅਤੇ ਘੱਗਰ ਨਦੀ ਦੇ ਵਿਚਕਾਰ ਦੇ ਇਲਾਕੇ ਨੂੰ _____ ਆਖਦੇ ਹਨ। 1
   ੳ) ਮਾਝਾ ਅ) ਦੁਆਬਾ
   ੲ) ਮਾਲਵਾ ਸ) ਬਾਂਗਰ
9. ਫਰਾਂਸੀਸੀ ਇਤਿਹਾਸ ਵਿੱਚ ਕਿਸ ਸਮੇਂ ਨੂੰ ਆਤੰਕ ਦੇ ਦੌਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ? 1
   ੳ) 1790-91 ਈ. ਅ) 1791-92 ਈ.
   ੲ) 1792-93 ਈ. ਸ) 1793-94 ਈ.
10. ਸ਼੍ਰੀ ਗੁਰੂ ਅਮਰ ਦਾਸ ਜੀ ਦੀ ਸਪੁੱਤਰੀ ਦਾ ਨਾਂ ਕੀ ਸੀ? 1
    ੳ) ਬੀਬੀ ਭਾਨੀ ਅ) ਮਾਤਾ ਖੀਵੀ
    ੲ) ਬੀਬੀ ਅਮਰੋ ਸ) ਮਾਤਾ ਗੁਜਰੀ
11. ਹੇਠ ਲਿਖੇ ਦੇਸ਼ਾਂ ਵਿੱਚੋਂ ਵੀਟੋ ਸ਼ਕਤੀ ਕਿਹੜੇ ਦੇਸ਼ ਕੋਲ ਨਹੀਂ ਹੈ? 1
    ੳ) ਜਰਮਨੀ ਅ) ਭਾਰਤ
    ੲ) ਚੀਨ ਸ) ਫਰਾਂਸ
12. ਸਾਡੇ ਸੰਵਿਧਾਨ ਦੇ ਅਨੁਛੇਦ ____ ਅਧੀਨ ਰਾਸ਼ਟਰਪਤੀ ਦੀ ਪਦਵੀ ਦੀ ਵਿਵਸਥਾ ਕੀਤੀ ਗਈ ਹੈ। 1
    ੳ) 50 ਅ) 51
    ੲ) 52 ਸ) 53

ਭਾਗ - ਅ

12 x1 = 12

ਪ੍ਰਸ਼ਨ 2. ਹੇਠ ਲਿਖੇ ਵਸਤੂਨਿਸ਼ਠ ਪ੍ਰਸ਼ਨਾਂ ਦੇ ਉੱਤਰ ਦਿਓ:-

1. ਚਨਾਬ ਦਾ ਪੌਰਾਣਿਕ ਨਾਮ _____ ਸੀ। 1
2. ਮਾਲਾਬਾਰ ਦੇ ਤੱਟਵਰਤੀ ਮੈਦਾਨ ਵਿੱਚ ਝੀਲਾਂ ਨੂੰ ਸਥਾਨਕ ਭਾਸ਼ਾ ਵਿੱਚ ਕੇਆਲ ਕਿਹਾ ਜਾਂਦਾ ਹੈ। (ਸਹੀ/ਗਲਤ)1
3. ਜੈਟ ਸਟਰੀਮ ਤੋਂ ਤੁਹਾਡਾ ਕੀ ਭਾਵ ਹੈ? 1
4. ਕਿਸੇ ਵਸਤੂ ਜਾਂ ਸੇਵਾ ਵਿੱਚ ਮਨੁੱਖ ਦੀਆਂ ਲੋੜਾਂ ਨੂੰ ਸੰਤੁਸ਼ਟ ਕਰਨ ਦੀ ਸਮਰੱਥਾ ਨੂੰ ਉਪਯੋਗਤਾ ਜਾਂ ਤੁਸ਼ਟੀਗੁਣ ਕਿਹਾ ਜਾਂਦਾ ਹੈ। (ਸਹੀ/ਗਲਤ) 1
5. ਰੁਪਏ, ਸਿੱਕੇ ਅਤੇ ਚੈੱਕ _____ ਦੇ ਵੱਖ-2 ਰੂਪ ਹਨ।
6. ਛੁਪੀ ਹੋਈ ਬੇਰੁਜ਼ਗਾਰੀ ਕਿਸ ਨੂੰ ਆਖਦੇ ਹਨ? 1
7. ਵੈਦਿਕ ਕਾਲ ਵਿੱਚ ਪੰਜਾਬ ਨੂੰ ਕੀ ਨਾਂ ਦਿੱਤਾ ਗਿਆ ਹੈ? 1
8. ਗੁਰੂ ਨਾਨਕ ਦੇਵ ਜੀ ਨੇ 1522 ਈ. ਵਿੱਚ ਰਾਵੀ ਨਦੀ ਦੇ ਕੰਢੇ _____ ਨਗਰ ਵਸਾਇਆ। 1
9. ਰੂਸ ਦੀ ਕ੍ਰਾਂਤੀ ਦੁਆਰਾ ਸਮਾਜ ਦੇ ਪੁਨਰਗਠਨ ਲਈ ਕਿਹੜਾ ਵਿਚਾਰ ਸਭ ਤੋਂ ਮਹਤੱਵਪੂਰਨ ਸੀ? 1
10. ਸੰਸਾਰ ਵਿੱਚ ਲੋਕਤੰਤਰ ਦਾ ਆਰੰਭ ਯੂਨਾਨ ਤੇ ਰੋਮਨ ਗਣਰਾਜਾਂ ਤੋਂ ਹੋਇਆ ਹੈ। (ਠੀਕ/ਗਲਤ) 1

11. ਡੈਮੋਕਰੇਸੀ _____ ਭਾਸ਼ਾ ਦੇ ਦੋ ਸ਼ਬਦਾਂ Demos ਅਤੇ Cratia ਤੋਂ ਮਿਲ ਕੇ ਬਣਿਆ ਹੈ। 1
12. ਭਾਰਤ ਵਿੱਚ ਕਾਨੂੰਨ ਨਿਰਮਾਣ ਦੀ ਆਖਰੀ ਸ਼ਕਤੀ ਕਿਸ ਕੋਲ ਹੈ? 1

ਭਾਗ - ਏ 8x3 = 24

ਪ੍ਰਸ਼ਨ 3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਤੱਕ ਦਿਓ:-

1. ਜਲਵਾਯੂ ਅਤੇ ਮੌਸਮ ਵਿੱਚ ਕੀ ਅੰਤਰ ਹੈ, ਸਪਸ਼ੱਟ ਕਰੋ। 3
2. ਗੁਰਦਾਸਪੁਰ-ਪਠਾਨਕੋਟ ਸ਼ਿਵਾਲਿਕ ਤੇ ਇੱਕ ਨੋਟ ਲਿਖੋ। 3
3. ਆਰਥਿਕ ਅਤੇ ਅਨਾਰਥਿਕ ਕਿਰਿਆਵਾਂ ਵਿੱਚ ਅੰਤਰ ਲਿਖੋ। 3
4. ਭਾਰਤ ਵਿੱਚ ਗਰੀਬੀ ਦੇ ਤਿੰਨ ਮੁੱਖ ਕਾਰਨ ਕਿਹੜੇ ਹਨ? 3
5. ਉਪਨਿਵੇਸ਼ ਕਿਸ ਨੂੰ ਕਿਹਾ ਜਾਂਦਾ ਹੈ? ਉਦਾਹਰਣ ਵੀ ਦਿਓ। 3
6. ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਕੀ ਸੀ? 3
7. ਅੰਮ੍ਰਿਤਸਰ ਦੀ ਸਥਾਪਨਾ ਤੇ ਨੋਟ ਲਿਖੋ। 3
8. ਪ੍ਰਧਾਨ ਮੰਤਰੀ ਦੀ ਨਿਯੁਕਤੀ ਕਿਵੇਂ ਹੁੰਦੀ ਹੈ? 3

ਭਾਗ - ਸ 5x4 = 20

ਪ੍ਰਸ਼ਨ 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵੱਧ ਤੋਂ ਵੱਧ 200 ਸ਼ਬਦਾਂ ਤੱਕ ਦਿਓ:-

1. ਭਾਰਤ ਦੇ ਕੋਈ 10 ਰਾਜਾਂ ਅਤੇ 5 ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ ਨਾਮ ਅਤੇ ਰਾਜਧਾਨੀਆਂ ਲਿਖੋ। **ਜਾਂ** 5
2. ਕੁਦਰਤੀ ਬਨਸਪਤੀ ਮਨੁੱਖੀ ਸਮਾਜ ਦੇ ਫੇਫੜੇ ਹੁੰਦੇ ਹਨ, ਕਿਵੇਂ?
   5
3. ਭੂਮੀ ਦੇ ਇੱਕ ਟੁਕੜੇ ਤੋਂ ਜ਼ਿਆਦਾ ਪੈਦਾਵਾਰ ਕਰਨ ਦੇ ਚਾਰ ਤਰੀਕੇ ਦੱਸੋ। **ਜਾਂ** 5
4. ਆਰਥਿਕ ਕਿਰਿਆਂਵਾਂ ਦੀ ਪਰਿਭਾਸ਼ਾ ਦਿੰਦੇ ਹੋਏ ਇਸ ਦੇ ਤਿੰਨ ਮੁੱਖ ਖੇਤਰਾਂ ਬਾਰੇ ਜਾਣਕਾਰੀ ਦਿਓ 5
5. ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ। **ਜਾਂ** 5
6. ਉਨ੍ਹਾਂ ਹਾਲਤਾਂ ਦਾ ਵਰਨਣ ਕਰੋ ਜਿਸ ਕਾਰਨ ਫਰਾਂਸੀਸੀ ਕ੍ਰਾਂਤੀ ਹੋਈ। 5
7. ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ ਇਸ ਕਥਨ ਦੀ ਵਿਆਖਿਆ ਕਰੋ। **ਜਾਂ** 5
8. ਚੋਣ ਪ੍ਰਕ੍ਰਿਆ ਦੇ ਮੁੱਖ ਪੜਾਵਾਂ ਦਾ ਸੰਖੇਪ ਵਿੱਚ ਵਰਣਨ ਕਰੋ। 5

ਭਾਗ - ਹ 1x4 = 4

ਪ੍ਰਸ਼ਨ 5. ਸਰੋਤ ਆਧਾਰਿਤ ਪ੍ਰਸ਼ਨ:

ਪੂਰਬ ਵਿੱਚ ਪੱਛਮੀ ਬੰਗਾਲ, ਓਡੀਸ਼ਾ ਤੋ ਲੈ ਕੇ ਕੰਨਿਆਕੁਮਾਰੀ ਤੱਕ ਪੂਰਬੀ ਤੱਟ ਦੇ ਮੈਦਾਨ ਹਨ। ਇਹ ਮੈਦਾਨ ਪੂਰਬ ਦਿਸ਼ਾ ਵਿੱਚ ਵਗਣ ਵਾਲੀਆਂ ਨਦੀਆਂ ਮਹਾਂਨਦੀ, ਗੋਦਾਵਰੀ, ਕ੍ਰਿਸ਼ਨਾ, ਕਾਵੇਰੀ ਅਤੇ ਉਹਨਾਂ ਦੀਆਂ ਸਹਾਇਕ ਨਦੀਆਂ ਦੁਆਰਾ ਵਿਛਾਈ ਗਈ ਜਲੋਢ ਮਿੱਟੀ ਨਾਲ ਬਣਿਆ ਹੈ। ਓਡੀਸ਼ਾ ਵਿੱਚ ਇਸ ਨੂੰ ਉਤਕਲ ਦੇ ਮੈਦਾਨ ਕਹਿੰਦੇ ਹਨ। ਕ੍ਰਿਸ਼ਨਾ ਨਦੀ ਦੇ ਡੈਲਟੇ ਤੋਂ ਕੰਨਿਆ ਕੁਮਾਰੀ ਤੱਕ ਇਸ ਨੂੰ ਕੋਰੋਮੰਡਲ ਤੱਟ ਕਹਿੰਦੇ ਹਨ। ਇਸ ਮੈਦਾਨ ਵਿੱਚ ਪੁਲੀਕਟ ਝੀਲ ਪ੍ਰਸਿੱਧ ਝੀਲ ਹੈ। ਓਡੀਸ਼ਾ ਵਿੱਚ ਚਿਲਕਾ ਝੀਲ ਖਾਰੇ ਪਾਣੀ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

1. ਪੂਰਬ ਦਿਸ਼ਾ ਵਿੱਚ ਵਗਣ ਵਾਲੀਆਂ ਕੋਈ ਦੋ ਨਦੀਆਂ ਦੇ ਨਾਮ ਦੱਸੋ। 1
2. ਪੂਰਬੀ ਤੱਟ ਦੇ ਕਿਸ ਭਾਗ ਨੂੰ ਕੋਰੋਮੰਡਲ ਤੱਟ ਆਖਿਆ ਜਾਂਦਾ ਹੈ? 1
3. ਪੁਲੀਕਟ ਝੀਲ ਭਾਰਤਾ ਦੇ ਕਿਸ ਤੱਟੀ ਮੈਦਾਨ ਵਿੱਚ ਹੈ? 1
4. ਭਾਰਤ ਦੀ ਸਭ ਤੋਂ ਵੱਡੀ ਖਾਰੇ ਪਾਣੀ ਦੀ ਝੀਲ ਦਾ ਨਾਮ ਕੀ ਹੈ? 1

ਭਾਗ - ਕ 4+4 = 8

ਪ੍ਰਸ਼ਨ 6. ਨਕਸ਼ੇ ਨਾਲ ਸਬੰਧਤ ਪ੍ਰਸ਼ਨ

(ਭੂਗੋਲ) - ਭਾਰਤ ਦੇ ਨਕਸ਼ੇ ਵਿੱਚ ਕੋਈ 4 ਸਥਾਨ ਭਰੋ:- 4

ੳ) ਭਾਰਤ ਦਾ ਮਾਣਕ ਲੰਬਕਾਰ
ਅ) ਕੋਰੋਮੰਡਲ ਤੱਟ
ੲ) ਜੈਸਲਮੇਰ
ਸ) ਗਾਡਵਿਨ ਆਸਟਿਨ
ਹ) ਅਰਾਵਲੀ ਪਰਬਤ
ਕ) ਵੱਧ ਸਾਖਰਤਾ ਵਾਲਾ ਰਾਜ

(ਇਤਿਹਾਸ) - ਪੰਜਾਬ (1947 ਤੋਂ ਪਹਿਲਾਂ) ਦੇ ਨਕਸ਼ੇ ਵਿੱਚ ਕੋਈ 4 ਸਥਾਨ ਭਰੋ:- 4

ੳ) ਸਿੰਧ
ਅ) ਸਤਲੁਜ
ੲ) ਸੁਲੇਮਾਨਕੀ ਦੀਆਂ ਪਹਾੜੀਆਂ
ਸ) ਦਰਾ ਖੈਬਰ
ਹ) ਬਿਆਸ
ਕ) ਦਰਾ ਬੋਲਾਨ

-ਵਿਜੈ ਗੁਪਤਾ, ਸ.ਸ. ਅਧਿਆਪਕ,
ਸਹਸਸ ਚੁਵਾੜਿਆਂ ਵਾਲੀ (ਫਾਜ਼ਿਲਕਾ)
#977 990 3800